بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.09.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਸਤੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿੱਤਾ**

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ اَلرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਹੁ ਅਨਹੁ ਦੇ ਖ਼ਿਲਾਫ਼ਤ ਕਾਲ ਦੀ ਚਰਚਾ ਚੱਲ ਰਹੀ ਸੀ, ਅੱਜ ਵੀ ਉਸੇ ਲੜੀ ਵਿੱਚ ਬੈਤੁਲ ਮੁਕਦੱਸ ਦੀ ਫ਼ਤਹ ਬਾਰੇ ਜੋ ਪੰਦਰਾਂ ਹਿਜਰੀ ਵਿੱਚ ਹੋਈ ਇਸ ਦੀ ਚਰਚਾ ਹੋਵੇਗੀ । ਇਸਾਈਆਂ ਨੇ ਤੰਗ ਆਣਕੇ ਇਸ ਸ਼ਰਤ'ਤੇ ਸੁਲਾਹ ਦੀ ਪੇਸ਼ਕਸ਼ ਕੀਤੀ ਕਿ ਮੁਆਇਦਹ (ਸੰਧੀ) ਲਈ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪ ਬੈਤੁਲ ਮੁਕਦੱਸ ਆਉਣ। ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸਹਾਬਾ ਨਾਲ ਮਸ਼ਵਰਾ ਕੀਤਾ ਤਾਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਰਾਏ ਦਿੱਤੀ ਕਿ ਇਸਾਈ ਘਬਰਾਏ ਹੋਏ ਤੇ ਟੁੱਟੇ ਦਿਲ ਹਨ, ਆਪ ਉਹਨਾ ਦੀ ਬਿਨਤੀ ਰੱਦ ਦੇਣਗੇ ਤਾਂ ਉਹਨਾਂ ਦਾ ਹੋਰ ਵੀ ਅਪਮਾਨ ਹੋਵੇਗਾ, ਪਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਆਪ ਰਜ਼ੀ ਅਲੱਾਹੁ ਅਨਹੁ ਨੂੰ ਏਲੀਆ ਜਾਣ ਦਾ ਮਸ਼ਵਰਾ ਦਿਤੱਾ । ਮਸ਼ਵਰੇ ਦੇ ਬਾਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਜਾਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਮਦੀਨੇ ਵਿੱਚ ਅਮੀਰ (ਪ੍ਰਧਾਨ) ਨਿਯੁਕਤ ਕਰਕੇ ਆਪ ਬੈਤੁਲ ਮੁਕਦੱਸ ਲਈ ਰਵਾਨਾ ਹੋਏ । ਆਪ ਰਜ਼ੀ ਅਲੱਾਹੁ ਅਨਹੁ ਦਾ ਇਹ ਸਫ਼ਰ ਕੋਈ ਸਧਾਰਣ ਸਫ਼ਰ ਨਹੀਂ ਸੀ । ਇਸ ਸਫ਼ਰ ਦਾ ਮੰਤਵ ਇਸਲਾਮੀ ਰੁਹਬ ਤੇ ਦਬਦਬਾ ਬਨਾਉਣਾ ਸੀ ਪਰ ਇਸ ਦੇ ਹੁੰਦਿਆਂ ਹੋਇਆਂ ਵੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਨਾਲ ਫ਼ੌਜ ਜਾਂ ਲਸ਼ਕਰ ਨਹੀਂ ਸੀ, ਸਗੋਂ ਆਪ ਅਤਿਅੰਤ ਸਧਾਰਣ ਰੂਪ ਵਿੱਚ ਕੁਝ ਸਹਾਬਾ ਜਾਂ ਕੇਵਲ ਆਪਣਾ ਇਕ ਗ਼ੁਲਾਮ ਨੂੰ ਨਾਲ ਲੈਕੇ ਰਵਾਨਾ ਹੋਏ । ਫਿਰ ਵੀ ਆਪ ਰਜ਼ੀ ਅਲੱਾਹੁ ਅਨਹੁ ਦੇ ਆਉਣ ਦੀ ਖ਼ਬਰ ਜਿੱਥੇ ਕਿਤੇ ਵੀ ਪਹੁੰਚੀ ਤਾਂ ਧਰਤੀ ਕੰਬ ਉੱਠਦੀ ।

ਮੁਹਮੱਦ ਹੁਸੈਨ ਹੀਕਲ ਅਨੁਸਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਕੇਵਲ ਸੰਧੀ ਦੀ ਵਧਾਈਆਂ ਲਈ ਨਹੀਂ ਆਏ ਸਨ ਸਗੋਂ ਜੱਦ ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਆਪ ਰਜ਼ੀ ਅਲੱਾਹੁ ਅਨਹੁ ਤੋਂ ਹੋਰ ਮਦਦ ਮੰਗੀ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਸਬਰ ਦਾ ਪੈਮਾਨਾ ਭਰ ਗਿਆ ਅਤੇ ਆਪ ਰਜ਼ੀ ਅਲੱਾਹੁ ਅਨਹੁ ਖ਼ੁੱਦ ਵੀ ਸ਼ਾਮ ਤੇ ਉਰਦਨ ਦੇ ਮੱਧਵਰਤੀ ਖੇਤਰ ਜਾਬੀਆ ਚੱਲ ਪਏ । ਇਸੇ ਸਮੇਂ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਵੀ ਸ਼ਾਮ ਦੀਆਂ ਜਿਤੱਾਂ ਤੋਂ ਵਿਹਲੇ ਹੋ ਗਏ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਹਨਾ ਦੋਹਾਂ ਨੂੰ ਵੀ ਜਾਬੀਆ ਬੁਲਾ ਲਿਆ ਤਾਂ ਜੋ ਬੈਤੁਲ ਮੁਕਦੱਸ ਦੀ ਫ਼ਤਹ ਲਈ ਲਾਹੇਵੰਦ ਮਾਰਗ ਭਾਲਿਆ ਜਾ ਸਕੇ ।

ਦੁਸ਼ਮਣਾ ਦੇ ਸਰਦਾਰਾਂ ਨੂੰ ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਤੇ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਦੇ ਜਾਬੀਆ ਪਹੁੰਚਣ ਦਾ ਪਤਾ ਲਗੱਾ ਤਾਂ ਉਹ ਸਮਝ ਗਏ ਕਿ ਬੈਤੁਲ ਮੁਕਦੱਸ ਦਾ ਪ੍ਰਤੀਰੋਧ ਹੁਣ ਬਹੁਤੀ ਦੇਰ ਸਿਥਰ ਨਹੀਂ ਰਹਿ ਸਕਦਾ । ਸੋ, ਇਕ ਸਰਦਾਰ ਤਾਂ ਕੁਝ ਫ਼ੌਜ ਲੈਕੇ ਮਿਸਰ ਖਿਸਕ ਗਿਆ, ਜੱਦਕਿ ਸਫ਼ਰਯਨੋਸ ਨੇ ਸੁਲਾਹ ਦੀ ਵਾਰਤਾ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਆਉਣ ਦੀ ਸ਼ਰਤ ਰਖੱ ਦਿੱਤੀ । ਸਫ਼ਰ ਵਿੱਚ ਪ੍ਰਤੀਦਿਨ ਸਵੇਰ ਦੀ ਨਮਾਜ਼ ਦੇ ਬਾਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪਣੇ ਸਾਰਿਆਂ ਸਾਥੀਆਂ ਨੂੰ ਪੂਰਨ ਬਰਕਤ ਦੀ ਦੁਆ ਮੰਗਣ ਦੀ ਤਲਕੀਨ ਕਰਦੇ ਰਹਿੰਦੇ । ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹੁ ਅਨਹੁ ਅਤੇ ਯਜ਼ੀਦ ਬਿਨ ਮੁਆਵੀਆਹ ਆਦਿ ਨੇ ਜਾਬੀਆ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਸਵਾਗਤ ਕੀਤਾ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਇਹ ਦੇਖਕੇ ਕਿ ਇਹਨਾ ਅਫ਼ਸਰਾਂ ਵਿੱਚ ਅਰਬ ਦੀ ਸਾਦਗੀ ਬਾਕੀ ਨਹੀਂ ਰਹੀ, ਘੋਵੇ ਤੋਂ ਉਤਰ ਕੇ ਇਹਨਾ ਵੱਲ ਕੰਕਰ ਸੁੱਟੇ । ਇਹਨਾਂ ਲੋਕਾਂ ਦੇ ਇਹ ਕਹਿਣ'ਤੇ ਕਿ ਇਹਨਾਂ ਕੀਮਤੀ ਕੋਟਾਂ ਹੇਠ ਹੱਥਿਆਰ ਹਨ ਸੰਭਵਤਾ ਅਸੀਂ ਜੰਗੀ ਜੌਹਰ ਹੱਥੋਂ ਜਾਣ ਨਹੀਂ ਦਿਤੱਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਜੇਕਰ ਇਹ ਗੱਲ ਹੈ ਕਿ ਉਹਨਾ ਨੂੰ ਦਿਖਾਉਣ ਲਈ ਜ਼ਾਹਿਰੀ ਰੱਖ ਰਖਾਉ ਧਾਰਣ ਕੀਤਾ ਹੈ ਤਾਂ ਠੀਕ ਹੈ । ਯਜ਼ੀਦ ਬਿਨ ਅਬੁ ਸੁਫ਼ਯਾਨ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਕੀਮਤੀ ਵਸਤਰ ਤੇ ਉਮਦਹ ਸਵਾਰੀ ਦੇ ਵਰਤਨ ਦੀ ਬਿਨਤੀ ਕੀਤੀ ਤਾਂ ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ, ਹੇ ਯਜ਼ੀਦ ਨਹੀਂ । ਰੱਬ ਦੀ ਸਹੁੰ ਮੈਂ ਉਸ ਰੂਪ ਤੇ ਅਵਸਥਾ ਨੂੰ ਨਹੀਂ ਤਿਆਗਾਂ ਗਾ ਜਿਸ'ਤੇ ਮੈਂ ਆਪਣੇ ਦੋਵੇਂ ਸਾਥੀਆਂ ਨੂੰ ਛੱਡਿਆ ਸੀ, ਅਰਥਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨਾਲ ਜਿਵੇਂ ਰਿਹਾ ਸੀ, ਮੈਂ ਤਾਂ ਉਸੇ ਹਾਲ ਵਿੱਚ ਰਹਾਂਗਾ ਅਤੇ ਮੈਂ ਲੋਕਾਂ ਲਈ ਦਿੱਖ ਤੇ ਸੁੰਦਰਤਾ ਨਹੀਂ ਧਾਰਨ ਕਰਾਂਗਾ ਕਿਉਂਕਿ ਮੈਂ ਡਰਦਾ ਹਾਂ ਕਿ ਕਿਤੇ ਅਜਿਹਾ ਕਰਨਾ ਮੈਨੂੰ ਮੇਰੇ ਰੱਬ ਨੇੜੇ ਐਬਦਾਰ ਨ ਕਰ ਦੇਵੇ ਅਤੇ ਮੈਂ ਨਹੀਂ ਚਾਹੁੰਦਾ ਕਿ ਲੋਕਾਂ ਕੋਲ ਤਾਂ ਮੇਰਾ ਮਾਮਲਾ ਸਨਮਾਨ ਧਾਰ ਜਾਏਗਾ ਅਤੇ ਰੱਬ ਦੀ ਹਜ਼ੂਰੀ ਵਿੱਚ ਬਹੁਤ ਛੋਟਾ ਹੋ ਜਾਏ । ਸੋ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਸੇ ਹਾਲਤ ਉਪੱਰ ਕਾਇਮ ਰਹੇ ਜਿਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਜੀਵਨ ਕਾਲ ਵਿੱਚ ਸਨ । ਇੱਥੋਂ ਤੱਕ ਕਿ ਇਸ ਸੰਸਾਰ'ਚੋਂ ਕੂਚ ਕਰ ਗਏ ।

ਕਈ ਇਤਹਾਸਕਾਰਾਂ ਅਨੁਸਾਰ ਮੁਸਲਮਾਨਾ ਤੇ ਇਸਾਈਆਂ ਵਿੱਚ ਇਹ ਸੰਧੀ ਜਾਬੀਆ, ਜੱਦ ਕਿ ਕਈ ਰਿਵਾਇਤਾਂ ਅਨੁਸਾਰ ਏਲੀਆ ਵਿੱਚ ਹੋਈ ਸੀ । ਇਸ ਅਹਿਦ ਉਪੱਰ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹੁ ਅਨਹੁ, ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਮੁਆਵੀਆਹ ਬਿਨ ਅਬੁ ਸੁਫ਼ਯਾਨ ਰਜ਼ੀ ਅਲੱਾਹੁ ਅਨਹੁ ਦੀ ਗਵਾਹੀ ਦਰਜ ਸੀ । ਹਜ਼ੂਰ ਅਨਵਰ ਨੇ ਤਾਰੀਖ਼ ਤਿਬਰੀ ਵਿੱਚ ਦਰਜ ਸੁਲਾਹ ਨਾਮੇ ਦੀ ਲਿੱਖਤ ਵੀ ਪੇਸ਼ ਕੀਤੀ ।

ਤਾਰੀਖ਼ ਇਬਨੇ ਖ਼ੁਲਦੂਨ ਅਨੁਸਾਰ ਇਸ ਅਹਿਦ (ਸੰਧੀ) ਤੋਂ ਕੁਝ ਗਲੱਾਂ ਸਿੱਧ ਹੁੰਦੀਆਂ ਹਨ । ਉਧਾਰਣ ਲਈ ਇਹ ਕਿ ਇਸਲਾਮ ਤਲਵਾਰ ਦੇ ਬਲ'ਤੇ ਨਹੀਂ ਫ਼ੈਲਿਆ । ਮੁਸਲਮਾਨਾ ਦੇ ਰਾਜ ਵਿੱਚ ਹੋਰਨਾ ਧਰਮਾ ਨੂੰ ਧਾਰਮਕ ਅਜ਼ਾਦੀ ਹਾਸਲ ਸੀ ਹੋਰਨਾ ਕੌਮਾਂ ਤੋਂ ਜ਼ਬਰਦਸਤੀ ਜਜ਼ੀਆ (ਟੈਕਸ) ਨਹੀਂ ਲਿਆ ਜਾਂਦਾ ਸੀ । ਇਸ ਸੁਲਾਹ ਦੀ ਖ਼ਬਰ ਫ਼ੈਲੀ ਤਾਂ ਰਮਲਾ ਵਾਸੀ, ਫ਼ਲਸਤੀਨ ਅਤੇ ਲੱਦ ਵਾਲੇ ਵੀ ਇਸੇ ਪ੍ਰਕਾਰ ਦੇ ਅਹਿਦ ਲਈ ਬੇਚੈਨ ਹੋ ਗਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਲਸਤੀਨ ਨੂੰ ਅਧੱਾ ਅਧੱਾ ਵੰਡਕੇ ਅਲਕਮਾ ਬਿਨ ਹਕੀਮ ਨੂੰ ਕੇਂਦਰੀ ਸਰਕਾਰ ਰਮਲਾ ਅਤੇ ਅਲਕਮਾ ਬਿਨ ਮਜਜ਼ਜ਼ ਨੂੰ ਏਲੀਆ'ਤੇ ਹਾਕਮ ਨਿਯੁਕਤ ਕੀਤਾ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਬਿਲਕੁਲ ਸਾਦਾ ਵਸਤਰ ਵਿੱਚ ਬੈਤੁਲ ਮੁਕਦੱਸ ਆਏ ਜਿੱਥੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਅਤੇ ਫ਼ੌਜਾਂ ਦੇ ਸਰਦਾਰਾਂ ਨੇ ਆਪ ਰਜ਼ੀ ਅਲੱਾਹੁ ਅਨਹੁ ਦਾ ਸਵਾਗਤ ਕੀਤਾ । ਇਸਾਈ ਪਾਦਰੀਆਂ ਨੇ ਆਪ ਸ਼ਹਿਰ ਦੀਆਂ ਚਾਬੀਆਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸੁਪੁਰਦ ਕੀਤੀਆਂ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਇਸਾਈਆਂ ਨੇ ਆਪ ਰਜ਼ੀ ਅਲੱਾਹੁ ਅਨਹੁ ਨੂੰ ਸਾਦਾ ਹੁਲੀਏ ਵਿੱਚ ਦੇਖਿਆ ਤਾਂ ਸ਼ਹਿਰ ਦੀਆਂ ਚਾਬੀਆਂ ਸੁੱਟ ਦਿੱਤੀਆਂ ਅਤੇ ਕਿਹਾ ਕਿ ਇਸ ਸਿਪਾਸਾਲਾਰ ਦਾ ਮੁਕਾਬਲਾ ਅਸੀਂ ਨਹੀਂ ਕਰ

ਸਕਦੇ । ਸਭ ਤੋਂ ਪਹਿਲਾਂ ਆਪ ਰਜ਼ੀ ਅਲੱਾਹੁ ਅਨਹੁ ਮਸਜਿਦ ਅਕਸਾ ਗਏ । ਫਿਰ ਇਸਾਈਆਂ ਦੇ ਗਿਰਜੇ ਦੀ ਸੈਰ ਕੀਤੀ । ਇਸੇ ਸਮੇਂ ਨਮਾਜ਼ ਦਾ ਸਮਾਂ ਹੋਇਆਂ ਤਾਂ ਇਸਾਈਆਂ ਨੇ ਗਿਰਜੇ ਵਿੱਚ ਨਮਾਜ਼ ਪੜ੍ਹਨ ਦੀ ਆਗਿਆ ਦਿੱਤੀ, ਪਰ ਹਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਇਸ ਵਿਚਾਰ ਨਾਲ ਕਿ ਕਿਤੇ ਭਵਿੱਖ ਵਿੱਚ ਨਸਲਾਂ ਇਸ ਅਮਲ ਨੂੰ ਹੁਜੱਤ ਕਰਾਰ ਦੇਕੇ ਮਸੀਹੀ ਮਾਬੂਦਾਂ (ਪੂਜਕਾਂ) ਵਿੱਚ ਦਖ਼ਲ ਅੰਦਾਜ਼ੀ ਨ ਕਰਨ ਬਾਹਰ ਨਿਕਲਕੇ ਨਮਾਜ਼ ਪੜ੍ਹੀ ।

ਏਲੀਆ ਵਿੱਚ ਪੜਾਅ ਸਮੇਂ ਸਿਵਾਏ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਦੇ ਸਾਰੇ ਮੁਸਲਮਾਨ ਓਮਰਾ (ਪ੍ਰਧਾਨਾ) ਨੇ ਦਾਵਤਾਂ ਕੀਤੀਆਂ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਅਬੂ ਉਬੈਦਹ ਨੂੰ ਪੁੱਛਿਆ ਤਾਂ ਅਬੂ ਉਬੈਦਹ ਨੇ ਕਿਹਾ ਕਿ ਹੇ ਅਮੀਰੁਲ ਮੋਮਿਨੀਨ ! ਮੈਂ ਡਰਦਾ ਹਾਂ ਕਿ ਜੇਕਰ ਮੈਂ ਆਪ ਰਜ਼ੀ ਅਲੱਾਹੁ ਅਨਹੁ ਦੀ ਦਾਵਤ ਕੀਤੀ ਤਾਂ ਆਪ ਆਪਣੀਆਂ ਅਖੱਾਂ'ਤੇ ਕਾਬੂ ਨਹੀਂ ਰੱਖ ਸਕਣਗੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਹਨਾਂ ਦੇ ਖ਼ੈਮੇ ਵਿੱਚ ਆਏ ਤਾਂ ਉੱਥੇ ਘੋੜੇ ਦੀ ਨਮਦ ਤੇ ਜੀਨ ਤੋਂ ਬਿਨਾ ਕੁਝ ਵੀ ਨਹੀਂ ਸੀ । ਹਜ਼ਰਤ ਅਬੂ ਉਬੈਦਹ ਇਹਨਾ ਹੀ ਦੋ ਚੀਜਾ ਨੂੰ ਆਪਣਾ ਬਿਸਤਰ ਬਣਾ ਲੈਂਦੇ ਸਨ । ਇਕ ਨੁਕੱਰ ਵਿੱਚ ਸੁੱਕੀ ਰੋਟੀ ਸੀ ਜਿਸਨੂੰ ਆਪ ਨੇ ਪਾਣੀ ਨਾਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਪੇਸ਼ ਕੀਤਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਹ ਦ੍ਰਿਸ਼ ਦੇਖਿਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਰੋ ਪਏ ਅਤੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੂੰ ਆਪਣੇ ਨਾਲ ਚਿਮਟਾ ਲਿਆ । ਇਸ'ਤੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ ਕਿ ਕੀ ਮੈਂ ਆਪ ਦੀ ਸੇਵਾ ਵਿੱਚ ਪਹਿਲਾਂ ਬਿਨਤੀ ਨਹੀਂ ਕੀਤੀ ਸੀ ਕਿ ਆਪ ਮੇਰੇ ਘਰ ਆਪਣੀਆਂ ਅਖੱਾਂ'ਤੇ ਕਾਬੂ ਨਹੀਂ ਰੱਖ ਸਕਣਗੇ । ਇਸ ਦੇ ਬਾਦ ਬਾਹਰ ਨਿਕਲ ਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਲੋਕਾਂ ਵਿੱਚ ਆਏ ਅਤੇ ਰੱਬ ਦੀ ਹਮਦ ਸਨਾ (ਪ੍ਰਸ਼ੰਸਾ) ਦੇ ਬਾਦ ਜਿਸਦਾ ਉਹ ਹੱਕਦਾਰ ਹੈ ਆਪਣੇ ਨਬੀ ਕਰੀਮ ਸਲਲੱਾਹੁ ਐਹਿ ਵਸਲੱਮ'ਤੇ ਦੁਰੂਦ ਭੇਜਣ ਦੇ ਬਾਦ ਫ਼ਰਮਾਇਆ, ਹੇ ਇਲਾਮ ਦੇ ਮੰਨ੍ਹਣ ਵਾਲਿਓ ਨਿਸ਼ਚੇ ਹੀ ਰੱਬ ਨੇ ਤੁਹਾਡੇ ਤੋਂ ਆਪਣਾ ਵਾਦਾ ਸਚੱਾ ਕਰ ਦਿਖਾਇਆ ਹੈ ਅਤੇ ਉਸਨੇ ਦੁਸ਼ਣਾ ਵਿਰੁਧ ਤੁਹਾਡੀ ਮਦਦ ਕੀਤੀ ਅਤੇ ਤੁਹਾਨੂੰ ਇਹਨਾ ਦੇਸ਼ਾਂ ਦਾ ਵਾਰਸ ਬਣਾਇਆ ਹੈ ਅਤੇ ਤੁਹਾਨੂੰ ਧਰਤੀ ਵਿੱਚ ਪੱਕਿਆਈ ਪ੍ਰਦਾਨ ਕੀਤੀ ਹੈ । ਸੋ ਤੁਹਾਨੂੰ ਰੱਬ ਦੀਆਂ ਨੇਮਤਾਂ ਦਾ ਸ਼ੁਕਰ ਬਜਾ ਲਿਆਉਣਾ ਚਾਹੀਦਾ ਹੈ । ਤੁਸੀਂ ਲੋਕ ਨਾਫ਼ਰਮਾਨੀ ਦੇ ਕਾਰਜਾਂ ਤੋਂ ਦੂਰ ਰਹੋ ਕਿਉਂਕਿ ਨਾਫ਼ਰਮਾਨੀ ਵਾਲੇ ਕੰਮ ਨੇਮਤਾਂ ਦੀ ਨਾਸ਼ੁਕਰੀ ਹੈ ਅਤੇ ਬਹੁਤ ਘੱਟ ਅਜਿਹਾ ਹੋਇਆ ਹੈ ਕਿ ਰੱਬ ਕਿਸੇ ਕੌਮ'ਤੇ ਆਪਣਾ ਉਪਕਾਰ ਕਰੇ ਅਤੇ ਉਹ ਨਾਸ਼ੁਕਰੀ ਕਰਨ ਫਿਰ ਉਹ ਛੇਤੀ ਤੌਬਾ ਨ ਕਰਤ ਪਰ ਅਵਸ਼ ਹੀ ਉਹਨਾ ਦਾ ਸਨਮਾਨ ਖੋਹ ਲਿਆ ਜਾਂਦਾ ਹੈ ।

ਇਕ ਦਿਨ ਹਜ਼ਰਤ ਬਿਲਾਲ ਰਜ਼ੀ ਅਲੱਾਹੁ ਅਨਹੁ ਨੇ ਅਫ਼ਸਰਾਂ ਬਾਰੇ ਉਮਦਹ ਭੋਜਨਾ ਦੀ ਵਰਤੋਂ ਬਾਰੇ ਸ਼ਿਕਾਇਤ ਕੀਤੀ ਅਤੇ ਕਿਹਾ ਕਿ ਆਮ ਮੁਸਲਮਾਨਾਂ ਨੂੰ ਤਾਂ ਸਧਾਰਣ ਖਾਣਾ ਨਸੀਬ ਨਹੀਂ ਹੁੰਦਾ । ਇਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਪੜਤਾਲ ਕੀਤੀ ਤਾਂ ਪਤਾ ਲਗੱਾ ਕਿ ਹਿਜਾਜ਼ ਦੀ ਤੁਲਨਾ ਵਿੱਚ ਚੀਜਾਂ ਬਹੁਤ ਸਸਤੀਆਂ ਸਨ । ਸੋ, ਆਪ ਰਜ਼ੀ ਅਲੱਾਹੁ ਅਨਹੁ ਨੇ ਅਫ਼ਸਰਾਨ ਨੂੰ ਮਜਬੂਰ ਕਰਨ ਦੀ ਥਾਂ ਗ਼ਰੀਬ ਮੁਸਲਮਾਨਾ ਲਈ ਲੋੜੀਂਦੀਆਂ ਚੀਜ਼ਾਂ ਦਾ ਬਜਟ ਬਣਾਇਆ ਅਤੇ ਬੈਤੁਲਮਾਲ (ਖ਼ਜ਼ਾਨੇ) ਵਿੱਚੋਂ ਉਹਨਾ ਦੀਆਂ ਚੀਜਾਂ ਦੀ ਉਪਲਭਦੀ ਵਿਸ਼ਵਸਨੀ ਬਣਾਈ ।

ਇਕ ਦਿਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਦੇ ਹੱਠ ਕਰਨ'ਤੇ ਹਜ਼ਰਤ ਬਿਲਾਲ ਰਜ਼ੀ ਅਲੱਾਹੁ ਅਨਹੁ ਨੂੰ ਅਜ਼ਾਨ ਦੇਣ ਦਾ ਨਿਰਦੇਸ਼ ਦਿਤੱਾ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸਣੇ ਸਾਰਿਆਂ ਸਹਾਬਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਸਮਾਂ ਚੇਤੇ ਆਗਿਆ ਅਤੇ ਉਹ ਰੋਂਦੇ ਰੋਂਦੇ ਬੇਤਾਬ ਹੋ ਗਏ ।

ਬੈਤੁਲ ਮੁਕਦੱਸ ਤੋ ਵਾਪਸੀ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸਾਰੇ ਦੇਸ਼ ਦਾ ਦੌਰਾ ਕੀਤਾ ਅਤੇ ਜੱਦ ਮਦੀਨਿ ਪਹੁੰਚੇ ਤਾਂ ਮੁਸਲਮਾਨਾ ਨੇ ਆਪ ਰਜ਼ੀ ਅਲੱਾਹੁ ਅਨਹੁ ਦਾ ਨਿਘੱਾ ਸਵਾਗਤ ਕੀਤਾ । ਆਪ ਮਸਜਿਦ ਨਬਵੀ ਵਿੱਚ ਆਏ, ਦੋ ਰਕਅਤਾਂ ਨਮਾਜ਼ ਪੜ੍ਹੀ ਅਤੇ ਲੋਕਾਂ ਨਾਲ ਸੰਬੋਧਨ ਹੋਏ ।

**17** ਹਿਜਰੀ ਵਿੱਚ ਰੋਮੀਆਂ ਨੇ ਆਪਣੇ ਵੱਲੋਂ ਅੰਤਮ ਜਤਨ ਕੀਤਾ । ਯਜ਼ਦ ਜਰਦ ਦੇ ਰੈ ਵੱਲ ਫ਼ਰਾਰ ਹੋਣ ਦੇ ਬਾਦ ਜਜ਼ੀਰਾ ਵਾਸੀ ਉਸ ਵੱਲੋਂ ਉਕੱਾ ਹੀ ਨਿਰਾਸ਼ ਹੋ ਚੁੱਕੇ ਸਨ । ਸੋ, ਉਹਨਾਂ ਨੇ ਹਰਕਲ ਨੂੰ ਪਤੱਰ ਲਿੱਖਿਆ ਕਿ ਜੇਕਰ ਉਹ ਸਾਗਰੀ

ਮਾਰਗ ਰਾਹੀਂ ਪੇਸ਼ਕਦਮੀ ਕਰੇ ਤਾਂ ਉਹ ਉਸ ਦੀ ਮਦਦ ਕਰਨਗੇ । ਹਰਕਲ ਨੇ ਇਸ ਮਾਮਲੇ'ਤੇ ਗ਼ੌਰ ਕੀਤਾ ਅਤੇ ਬਹਿਰੀ ਜਹਾਜ਼ਾਂ ਨੂੰ ਇਸਕੰਦਰੀਆਂ ਰਾਹੀਂ ਅੰਤਾਕੀਆ ਪਹੁੰਚਣ ਦਾ ਹੁਕਮ ਦੇ ਦਿੱਤਾ । ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੂੰ ਇਸ ਪੇਸ਼ਕਦਮੀ ਦੀ ਸੂਚਨਾ ਮਿਲੀ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਨੂੰ ਮਸ਼ਵਰੇ ਲਈ ਬੁਲਾਇਆ । ਹਰਕਲ ਦੇ ਜਹਾਜ਼ ਅੰਤਾਕੀਆ ਪਹੁੰਚੇ ਤਾਂ ਸ਼ਹਿਰ ਦੇ ਦਰਵਾਜ਼ੇ ਉਹਨਾ ਲਈ ਖੁੱਲ ਗਏ । ਉਤੱਰੀ ਸ਼ਾਮ ਵਿੱਚ ਪ੍ਰਜਾ ਨੂੰ ਬਗ਼ਾਵਤ ਲਈ ਆਗ੍ਰਹਿ ਦੇਖਕੇ ਅਬੂ ਉਬੈਦਹ ਨੂੰ ਅੰਦਾਜ਼ਾ ਹੋ ਗਿਆ ਕਿ ਉਹ ਹਮਸ ਵਿੱਚ ਲੁੱਕ ਚੁਕੇ ਹਨ । ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਵਰਤਮਾਨ ਅਵਸਥਾ ਬਾਰੇ ਜਾਣੂ ਕਰਾਇਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਅਰੰਭ ਤੋਂ ਇਸ ਖ਼ਤਰੇ ਨੂੰ ਭਾਂਪਦਿਆਂ ਹੋਇਆਂ ਦੂਰ ਦ੍ਰਿਸ਼ਟੀ ਦੇ ਪੱਖੋਂ ਕੂਫ਼ਾ ਤੇ ਬਸਰਾ ਵਿੱਚ ਛਾਉਣੀਆਂ ਕਾਇਮ ਕਰ ਰੱਖੀਆਂ ਸਨ । ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਦਾ ਲਿੱਖਿਆ ਪੱਤਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਮਿਲਿਆ ਤਾਂ ਆਪ ਨੇ ਅਨੁਭਵ ਕੀਤਾ ਕਿ ਮੁਸਲਮਾਨਾ ਦਾ ਇਹ ਮਹਾਨ ਸਿਪਾਸਾਲਾਰ ਬਹੁਤ ਵੱਡੇ ਖ਼ਤਰੇ ਵਿੱਚ ਘਿਰ ਚੁੱਕਿਆ ਹੈ । ਸੋ ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਸਅਦ ਬਿਨ ਅਬੀ ਵਕਾਸ ਰਜ਼ੀ ਅਲੱਾਹੁ ਅਨਹੁ ਨੂੰ ਲਿੱਖਿਆ ਕਿ ਕਅਕਾ ਬਿਨ ਉਮਰੋ ਨੂੰ ਹਮਸ ਭੇਜ ਦਿਓ । ਇਸੇ ਪ੍ਰਕਾਰ ਆਪ ਰਜ਼ੀ ਅਲੱਾਹੁ ਅਨਹੁ ਨੇ ਰੋਮੀਆਂ ਦੇ ਅਧਿਕਾਰੀਆਂ ਹੋਰਨਾ ਸਿਪਾਸਾਲਾਰਾਂ ਨੂੰ ਲਿੱਖਆ ਕਿ ਹਰਕਲ ਦੀ ਮਦਦ ਲਈ ਜਿੰਨ੍ਹਾ ਖੇਤਰਾਂ ਤੋਂ ਫ਼ੌਜਾਂ ਇਕੱਠੀਆਂ ਹੋਈਆਂ ਹਨ ਉੱਥੇ ਆਪਣੇ ਦਸਤੇ ਭੇਜ ਦਿਓ । ਇਸ ਦਾਨਾਈ ਦਾ ਇਹ ਸਿਟੱਾ ਇਹ ਨਿਕਲਿਆ ਕਿ ਹਰਕਲ ਦੀ ਮਦਦ ਲਈ ਆਉਣ ਵਾਲੀਆਂ ਫ਼ੌਜਾਂ ਵਾਪਸ ਆਪਣੇ ਖੇਤਰਾਂ ਵਿੱਚ ਪਰਤ ਗਈਆਂ । ਜੱਦ ਇਹ ਸੂਚਨਾ ਮਿਲੀ ਕਿ ਟਾਪੂਆਂ ਤੋਂ ਆਈਆਂ ਫ਼ੌਜਾ ਵਾਪਸ ਪਰਤ ਗਈਆਂ ਹਨ ਤਾਂ ਰੋਮੀਆਂ ਦੇ ਮੁਕਾਬਲੇ ਲਈ ਮੈਦਾਨ ਵਿੱਚ ਨਿਕਲਣ ਦਾ ਫ਼ੈਸਲਾ ਹੋਇਆ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਨੇ ਮੁਸਲਮਾਨ ਲਸ਼ਕਰ ਨੂੰ ਬਹੁਤ ਹੀ ਪ੍ਰਭਾਵਪੂਰਨ ਭਾਸ਼ਣ ਦਿਤੱਾ । ਰੱਬ ਨੇ ਮੁਸਲਮਾਨਾਂ ਨੂੰ ਜਿੱਤ ਪ੍ਰਦਾਨ ਕੀਤੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸ਼ਾਮ ਦੇ ਮਾਰਗ ਰਾਹੀਂ ਹੁਣੇ ਜਾਬੀਆ ਪਹੁੰਚੇ ਹੀ ਸਨ ਕਿ ਜਿੱਤ ਦੀ ਖ਼ਬਰ ਆ ਗਈ । ਸੋ, ਆਪ ਰਜ਼ੀ ਅਲੱਾਹੁ ਅਨਹੁ ਵਾਪਸ ਮਦੀਨੇ ਆ ਗਏ । ਆਪ ਰਜ਼ੀ ਅਲੱਾਹੁ ਅਨਹੁ ਨੇ ਹੁਕਮ ਦਿਤੱਾ ਕਿ ਗ਼ਨੀਮਤ ਦੇ ਮਾਲ ਵਿੱਚ ਕੂਫ਼ਾ ਵਾਲਿਆਂ ਨੂੰ ਵੀ ਸ਼ਮਾਲ ਕੀਤਾ ਜਾਏ । ਇਸ ਜਿੱਤ ਦੇ ਤਿੰਨ ਸਾਲ ਬਾਦ ਵੀਹ ਹਿਜਰੀ ਵਿੱਚ ਹਰਕਲ ਫ਼ੌਤ ਹੋ ਗਿਆ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਭਵਿੱਖ ਵਿੱਚ ਵੀ ਜਾਰੀ ਰਹਿਣ ਦਾ ਆਖਣ ਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਚੋਧਰੀ ਸਈਦ ਅਹਮਦ ਲਖਨ ਸਾਹਬ ਰਿਟਾਇਰਡ ਸਟੇਸ਼ਨ ਮਾਸਟਰ ਵਾਰਤਮਾਨ ਕੈਨੇਡਾ, ਮੁਕਰੱਮ ਸ਼ਹਾਬੁੱਦੀਨ ਸਾਹਬ ਨਾਇਬ ਨੈਸ਼ਨਲ ਅਮੀਰ ਬੰਗਲਾ ਦੇਸ਼, ਮੁਕਰੱਮ ਰਾਉਲ ਅਬਦੁਲੱਾਹ ਸਾਹਬ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

ਹਜ਼ੂਰ ਅਨਵਰ ਨੇ ਸਾਰਿਆਂ ਮਰਹੂਮਾਂ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰهِ نَحْمَدُهُ وَنَسْتَعِيْنُهُ وَنَسْتَغْفِرُهُ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللہ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ
ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ۔

**Khulasa Khutba Jumma 24.09.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131